

# ਅੰਬਰ ਪਰੀਆਂ

ਬਲਜਿੰਦਰ ਨਸਰਾਲੀ

©
Author

Ambar Pariyan (Novel)
By
Baljinder Nasrali
Punjabi Dept. Delhi University, Delhi
9592415177

ISBN : 978-93-87276--64-2
Year : 2019
Rs. 500/-

Painting By : Sidharth
Famous International Artist of Punjabi Origin

Writer's Photo By : Dina Mazurkevich
Russian, Photographer


Title Design By : Swaranjit Savi

Published By
**Gracious Books**
Office : LIG-13 Phase-1 Urban Estate, Patiala.
SCO : 23 Shalimar Plaza Opp. Punjabi University, Patiala.
Ph-91-175-5017642, 91-175-5007643
graciousbooks@yahoo.co.in
www.graciousbooks.in

Printed At: D K Fine Art Press, New Delhi.

This is a work of fiction. Names, characters, places and incidents either are the product of the author's imagination or are used fictitiously, and any resemblance to any actual person, living or dead, events or locales, is entirely coincidental.
All Disputes are subject to Patiala Jurisdiction.





ਬਲਜਿੰਦਰ ਨਸਰਾਲੀ ਪੰਜਾਬੀ ਗਲਪਕਾਰਾਂ ਦੀ ਅਜੋਕੀ ਪੀੜ੍ਹੀ ਦਾ ਨਿਵੇਕਲੀ ਪਛਾਣ ਵਾਲਾ ਬਿਰਤਾਂਤਕਾਰ ਹੈ। ਉਸਦੀ ਵਿਲੱਖਣਤਾ ਇਕ ਪਾਸੇ ਪੰਜਾਬੀ ਬੰਦੇ ਦੇ ਨਵੇਂ ਅਨੁਭਵਾਂ ਦੀ ਵੰਨ-ਸੁਵੰਨਤਾ ਨੂੰ ਫੜ੍ਹ ਸਕਨ ਵਿਚ ਹੈ ਤਾਂ ਦੂਜੇ ਪਾਸੇ ਬਿਆਨ ਦੀ ਤਾਜ਼ਗੀ, ਯਾਨੀ ਯਥਾਰਥ-ਨੁਮਾ ਫੈਂਟਸੀ ਜੁਗਤ ਦੇ ਸਫਲ ਪ੍ਰਯੋਗ ਕਰਨ ਵਿਚ ਵੇਖੀ-ਵਾਚੀ ਜਾ ਸਕਦੀ ਹੈ। ਉਸਦੇ ਸੱਜਰੇ ਨਾਵਲ 'ਅੰਬਰ ਪਰੀਆਂ' ਵਿੱਚ ਉਸਦੀ ਬਿਰਤਾਂਤਕਾਰੀ ਦੇ ਇਹ ਦੋਵੇਂ ਲੱਛਣ ਇੱਕ ਨਵੀਂ ਸਿਖਰ ਸਿਰਜਦੇ ਪ੍ਰਤੀਤ ਹੁੰਦੇ ਹਨ। ਇਸ ਵਿੱਚ ਨਸਰਾਲੀ ਨੇ ਇਕ ਕਿਸਾਨੀ ਪਰਿਵਾਰ 'ਚੋਂ ਆਏ ਪਾਤਰ ਅੰਬਰ ਦੀ ਪਿੰਡ ਤੋਂ ਮਹਾਂਨਗਰ ਵੱਲ ਦੀ ਯਾਤਰਾ ਦੇ ਇੱਕ ਤੋਂ ਵੱਧ ਪਾਸਾਰਾਂ ਦਾ ਗਲਪੀ-ਬਿੰਬ ਸਿਰਜਿਆ ਹੈ। ਇਹ ਪਾਸਾਰ ਪਿੰਡ-ਸ਼ਹਿਰ ਦੇ ਤਨਾਅ, ਔਰਤ-ਮਰਦ ਦੇ ਰਿਸ਼ਤੇ ਦੀ ਨਵੀਂ ਵਿਆਕਰਣ ਅਤੇ ਅਧਿਐਨ-ਅਧਿਆਪਨ ਦੇ ਨਵੇਂ ਮਾਨਦੰਡਾਂ ਨਾਲ ਸੰਬੰਧਿਤ ਹਨ। ਰੂਪਾਕਾਰ ਦੇ ਪੱਖੋਂ ਇਸ ਨਾਵਲ ਦੀ ਅਹਿਮ ਪ੍ਰਾਪਤੀ ਇਹ ਵੀ ਬਣਦੀ ਹੈ ਕਿ ਇਹ ਮੁੱਦਾ-ਮੁੱਖੀ ਬਿਰਤਾਂਤ ਦੀ ਰੂੜ੍ਹੀ ਨੂੰ ਤੋੜਦਿਆਂ ਕਾਰਜ-ਮੁੱਖ ਬਿਰਤਾਂਤ ਦਾ ਧਾਰਨੀ ਬਣਦਾ ਹੋਇਆ ਸਹੀ ਅਰਥਾਂ ਵਿਚ ਗਲਪ ਦਾ ਧਰਮ ਨਿਭਾਉਂਦਾ ਹੈ। ਜੰਮੂ ਖੇਤਰ ਦੇ ਵੇਰਵੇ, ਸੰਕੇਤਕ ਅਰਥਾਂ ਵਾਲੀ ਕਾਂਡ-ਵੰਡ ਅਤੇ ਕਾਵਿਕ ਰੰਗਣ ਇਸ ਨਾਵਲ ਦੀ ਰੌਚਕਿਤਾ ਅਤੇ ਵਿਵੇਕਸ਼ੀਲਤਾ ਨੂੰ ਵਧਾਉਣ ਵਾਲੇ ਹਨ। ਮੈਂ ਆਪਣੇ ਪ੍ਰਤਿਭਾਵਾਨ ਵਿਦਿਆਰਥੀ ਅਤੇ ਸੁਹਿਰਦ ਗੂੜ੍ਹੇ ਮਿੱਤਰ ਬਲਜਿੰਦਰ ਦੇ ਇਸ ਗੁਣਵੱਤੇ ਨਾਵਲ ਦਾ ਭਰਪੂਰ ਅਤੇ ਦਿਲੀ ਸੁਆਗਤ ਕਰਦਾ ਹਾਂ।


ਪ੍ਰੋ. ਬਲਦੇਵ ਸਿੰਘ ਧਾਲੀਵਾਲ
ਪੰਜਾਬੀ ਯੂਨੀਵਰਸਿਟੀ
ਪਟਿਆਲਾ।

ISBN : 978-93-87276-64-2

GRACIOUS BOOKS

# अम्बर परियाँ

एक प्रेमकथा जिससे खुलती है
विवाह-संस्था के भविष्य की खिड़की




बलजिन्दर नसराली

अनुवाद : सुभाष नीरव

पंजाबी उपन्यास 'अम्बर परियाँ' का अनुवाद

ISBN : 978-81-19092-30-7

**अम्बर परियाँ**

© बलजिन्दर सिंह

**पहला संस्करण :** 2023

**मूल्य :** ₹795

**प्रकाशक**

राधाकृष्ण प्रकाशन प्राइवेट लिमिटेड

जी-17, जगतपुरी, दिल्ली-110 051

**शाखाएँ :** अशोक राजपथ, साइंस कॉलेज के सामने, पटना-800 006

पहली मंज़िल, दरबारी बिल्डिंग, महात्मा गांधी मार्ग, प्रयागराज-211 001

वेबसाइट : www.radhakrishnaprakashan.com

ई-मेल : info@radhakrishnaprakashan.com

**मुद्रक**

विकास कंप्यूटर एंड प्रिंटर्स

ट्रॉनिका सिटी-201 102

AMBAR PARIYAN

*Novel* by Baljinder Nasrali

Translated by Subhash Neerav

इस पुस्तक के सर्वाधिकार सुरक्षित हैं। प्रकाशक की लिखित अनुमति के बिना इसके किसी भी अंश को, फ़ोटोकॉपी एवं रिकॉर्डिंग सहित इलेक्ट्रॉनिक अथवा मशीनी, किसी भी माध्यम से, अथवा ज्ञान के संग्रहण एवं पुन:प्रयोग की प्रणाली द्वारा, किसी भी रूप में, पुनरुत्पादित अथवा संचारित-प्रसारित नहीं किया जा सकता।

# ਸਿਰਜਣਾ



ਜੁਲਾਈ-ਸਤੰਬਰ 2023 **209** 50 ਰੁਪਏ

# ਸਿਰਜਣਾ

**209**

**ਜੁਲਾਈ-ਸਤੰਬਰ 2023**

**ਸੰਪਾਦਕ : ਰਘਬੀਰ ਸਿੰਘ**
**Editor : Raghbir Singh**



**1728, ਸੈਕਟਰ 43-ਬੀ,**
**ਚੰਡੀਗੜ੍ਹ-160 043**
**ਫੋਨ : +91-172-2601693**

***SIRJANA***
***1728, Sector 43-B,***
***Chandigarh-160 043***
***INDIA***
***Phone : +91-172-2601693***
***E-mail :***
***raghbirssirjana@yahoo.com***



**Sirjana is approved by DPI Punjab for all Schools, Colleges and Social Education Centres vide letter No. 2/6-66B (EP) dated 26-9-1966**

Account Name
**SIRJANA**
Account Number:
**Current Account**
**00321100082130**
Bank-Branch
**Punjab & Sind Bank**
**17-C, Chandigarh**
IFSC Code:
**PSIB 0000032**


## ਇਸ ਅੰਕ ਵਿਚ


ਸੰਪਾਦਕੀ/ਸੱਤਾ ਸੁਰ ਬਨਾਮ ਅਵਾਮੀ ਪਿੜ/1

ਆਦੇਸ਼ ਅੰਕੁਸ਼/ਪੰਜ ਗ਼ਜ਼ਲਾਂ/3

ਹਰਵਿੰਦਰ/ਤਿੰਨ ਕਵਿਤਾਵਾਂ/6

ਗੁਰਜੰਟ ਰਾਜੇਆਣਾ/ਦੋ ਕਵਿਤਾਵਾਂ/9

ਗੁਰਮੀਤ ਕੜਿਆਲਵੀ/ਕਹਾਣੀ/ਮੋਰ ਪੈਲ ਕਿਉਂ ਨਹੀਂ ਪਾਉਂਦੇ/11

ਤੌਕੀਰ ਚੁਗ਼ਤਾਈ/ਕਹਾਣੀ/ਫੋਟੋ ਸੈਸ਼ਨ/18

ਰਮਨਦੀਪ ਵਿਰਕ/ਕਹਾਣੀ/ਐਨ ਅਫੇਅਰ/21

ਅਮਰਜੀਤ ਸਿੰਘ ਮਾਨ/ਕਹਾਣੀ/ਆਖ ਦਮੋਦਰ.../29

ਬਲਦੇਵ ਚੱਕ ਸਕੰਦਰ/ਵਾਰਤਾ/ਆਦਮ ਦੀ ਆਵਾਜ਼/38

ਜੌਹਨ ਮੌਲੀਨੌਕਸ/ਲੇਖ/ਇਨਸਾਨੀ ਫਿਤਰਤ ਸਮਾਜਵਾਦ ਦੇ ਰਾਹ ਵਿਚ ਰੋੜਾ ਨਹੀਂ/45

ਬਲਜਿੰਦਰ ਨਸਰਾਲੀ/ਲੇਖ/ਐੱਚ.ਜੀ. ਵੈੱਲਜ਼ ਦਾ ਵਿਸ਼ਵ ਦ ਸੰਖੇਪ ਸਭਿਆਚਾਰਕ ਤੇ ਰਾਜਨੀਤਕ ਇਤਿਹਾਸ/59

ਬਲਵਿੰਦਰ ਗਰੇਵਾਲ/ਯਾਦਗਾਰੀ ਪਲ/ਬੁਲ੍ਹੇ ਸ਼ਾਹ ਅਸਾਂ ਮਰ ਨਾਹੀਂ/74

ਹਰਿੰਦਰ ਸਿੰਘ/ਰਿਵਿਊ/ਨਾਬਰ ਪੈੜਾਂ/78

ਗੁਰਦੀਪ ਕੌਰ/ਰਿਵਿਊ/ਕੁਲਬੀਰ ਬਡੇਸਰੋਂ ਦੀਆਂ ਇਕੱਤੀ ਕਹਾਣੀਆਂ/79

ਜੇ.ਬੀ. ਸੇਖੋਂ/ਰਿਵਿਊ/ਸੁਪਨੇ ਅਤੇ ਵਾਟਾਂ/82/ਤ੍ਰਿਕਾਲ ਸੰਧਿਆ/84

ਪਰਗਟ ਸਿੰਘ/ਰਿਵਿਊ/ਆਈ ਲਾਚਾ/86

ਹਰਿੰਦਰ ਸਿੰਘ/ਰਿਵਿਊ/1947/88

ਹਰਵਿੰਦਰ ਸਿੰਘ/ਰਿਵਿਊ/ਮਨ ਦਾ ਮੌਸਮ/90/ਵਗਦੀਆਂ ਵਾਵਾਂ ਵਹਿੰਦੇ ਦਰਿਆ/91

ਰਘਬੀਰ ਸਿੰਘ/ਰਿਵਿਊ/ਟੂਮਾਂ/93


---

**ਟਾਈਟਲ ਚਿੱਤਰ : ਦੇਵ**

---


**ਚੰਦਾ-ਦਸ ਅੰਕ : ਦੇਸ : 500 ਰੁਪਏ, ਪੰਜ ਸਾਲ : 1000 ਰੁਪਏ**

# ਐੱਚ.ਜੀ. ਵੈੱਲਜ਼ ਦਾ ਵਿਸ਼ਵ ਦਾ ਸੰਖੇਪ ਸਭਿਆਚਾਰਕ ਤੇ ਰਾਜਨੀਤਕ ਇਤਿਹਾਸ: ਬਲਜਿੰਦਰ ਨਸਰਾਲੀ

ਮਨੁੱਖ ਦੀ ਮੌਜੂਦਾ ਜੀਵਨ ਸ਼ੈਲੀ ਨਾਲ ਮਿਲਦਾ ਜੁਲਦਾ ਜੀਵਨ ਸਿਰਫ਼ ਦਸ-ਬਾਰਾਂ ਹਜ਼ਾਰ ਸਾਲ ਪੁਰਾਣਾ ਹੈ। ਇਸ ਦੀ ਸ਼ੁਰੂਆਤ ਖੇਤੀਬਾੜੀ ਯੁਗ ਦੇ ਆਰੰਭ ਹੋਣ ਨਾਲ ਹੁੰਦੀ ਹੈ। ਇਸ ਜੀਵਨ ਦੇ ਚੰਗੇ ਖਾਸੇ ਸਬੂਤ ਸਾਨੂੰ ਔਜ਼ਾਰਾਂ, ਪੁਰਾਤਨ ਗ੍ਰੰਥਾਂ ਤੇ ਇਮਾਰਤਾਂ ਦੇ ਰੂਪ ਵਿਚ ਮਿਲ ਜਾਂਦੇ ਹਨ। ਉਸ ਤੋਂ ਪੁਰਾਣੇ ਲੱਖਾਂ ਸਾਲਾਂ ਦੇ ਜੀਵਨ ਸੰਬੰਧੀ ਬਹੁਤ ਘੱਟ ਪ੍ਰਮਾਣ ਗੁਫ਼ਾਵਾਂ, ਧਰਤੀ ਵਿਚ ਦੱਬੀਆਂ ਚੱਟਾਨਾਂ ਤੇ ਹੱਡੀਆਂ ਦੇ ਰੂਪ ਵਿਚ ਮਿਲਦੇ ਹਨ।

ਐੱਚ.ਜੀ. ਵੈੱਲਜ਼ ਅੰਗਰੇਜ਼ੀ ਦਾ ਪ੍ਰਸਿੱਧ ਨਾਵਕਲਾਰ ਹੈ। ਉਸ ਦੀ ਪੁਸਤਕ A Short History of the World ਪੂਰੇ ਸੰਸਾਰ ਵਿਚ ਮਸ਼ਹੂਰ ਹੋਈ। ਧਰਤੀ ਉੱਪਰ ਜੀਵਨ ਦੀ ਸ਼ੁਰੂਆਤ ਹੋਣ ਤੋਂ ਪਹਿਲਾਂ ਦਾ ਇਕਾਂਤ, ਬਰਫ਼ੀਲੇ ਯੁਗਾਂ ਦੀ ਯਾਤਰਾ ਕਰਦਾ ਮਨੁੱਖ, ਰਾਜਿਆਂ ਦਾ ਉਦੈ ਹੋਣਾ, ਸਾਮਰਾਜਾਂ ਦਾ ਵਿਸਤਾਰ, ਵੰਸ਼ ਦਰ ਵੰਸ਼ ਰਾਜ ਦਾ ਚੱਲਣਾ ਤੇ ਪਤਨ ਹੋਣਾ, ਫ਼ਿਲਾਸਫ਼ੀ ਤੇ ਵਿਗਿਆਨ ਦਾ ਉਭਰਨਾ, ਯੁੱਧ ਅਤੇ ਸੁਤੰਤਰਤਾ ਲਈ ਮਨੁੱਖ ਦਾ ਸੰਘਰਸ਼ ਵੈੱਲਜ਼ ਦੀ ਕਿਤਾਬ ਦੀ ਗਾਥਾ ਹੈ।

ਜੀਵਨ ਦੀ ਸ਼ੁਰੂਆਤ ਸਮੁੰਦਰ ਵਿਚ ਹੋਈ। ਧਰਤੀ ਦਾ ਮਿੱਟੀ ਵਾਲਾ ਹਿੱਸਾ ਪਹਿਲਾਂ ਪਹਿਲ ਪੂਰੀ ਤਰ੍ਹਾਂ ਜੀਵਨ ਤੋਂ ਰਹਿਤ ਸੀ। ਹੌਲੀ ਹੌਲੀ ਧਰਤੀ ਉੱਪਰ ਬਨਸਪਤੀ ਪੈਦਾ ਹੋਈ ਤਾਂ ਕੁੱਝ ਜਾਨਵਰ ਪਾਣੀ ਵਿਚੋਂ ਬਾਹਰ ਨਿਕਲਣ ਲੱਗੇ। ਫਿਰ ਵੀ ਇਨ੍ਹਾਂ ਨੂੰ ਆਂਡੇ ਦੇਣ ਤੇ ਬੱਚੇ ਪੈਦਾ ਕਰਨ ਲਈ ਪਾਣੀ ਦੇ ਨੇੜੇ ਹੀ ਰਹਿਣਾ ਪੈਂਦਾ ਸੀ। ਮੁੱਢਲੇ ਸਮਿਆਂ ਵਿਚ ਧਰਤੀ ਉੱਪਰ ਬਹੁਤ ਜ਼ਿਆਦਾ ਉਥਲ ਪੁਥਲ ਹੋ ਰਹੀ ਸੀ। ਧਰਤੀ ਉੱਪਰ ਬਹੁਤ ਵੱਡੇ ਵੱਡੇ ਦਰਖ਼ਤ ਪੈਦਾ ਹੋਏ ਪਰ ਉਥਲ ਪੁਥਲ ਕਾਰਨ ਮਿੱਟੀ ਥੱਲੇ ਦੱਬੇ ਗਏ। ਬਾਅਦ ਵਿਚ ਇਹੀ ਦਰੱਖ਼ਤ ਕੋਇਲੇ ਦੇ ਭੰਡਾਰ ਬਣ ਗਏ।

ਜਦੋਂ ਧਰਤੀ ਗਰਮ ਸੀ ਉਦੋਂ ਅਜਿਹੇ ਜੀਵਾਂ ਦੀ ਉਤਪਤੀ ਹੋਈ ਜਿਹੜੇ ਗਰਮੀ ਵਿਚ ਹੀ ਜਿਉਂ ਸਕਦੇ ਸਨ। ਜਦੋਂ ਵਾਤਾਵਰਨ ਠੰਢਾ ਹੋ ਗਿਆ ਤਾਂ ਬਹੁਤ ਸਾਰੇ ਜੀਵ ਖ਼ਤਮ ਹੋ ਗਏ। ਸੱਪ, ਕੱਛੂ ਤੇ ਕਿਰਲੀ ਗਰਮ ਯੁੱਗ ਦੇ ਜੀਵ ਹਨ। ਇਨ੍ਹਾਂ ਨੂੰ ਸਰਦੀ ਤੰਗ ਕਰਦੀ ਹੈ।

ਅੱਜ ਤੋਂ ਚਾਲੀ ਹਜ਼ਾਰ ਸਾਲ ਪਹਿਲਾਂ ਦਾ ਮਨੁੱਖ ਕੁੱਝ ਗੱਲਾਂ ਵਿਚ ਅੱਜੋਕੇ ਮਨੁੱਖ ਵਰਗਾ ਸੀ। ਇਹ ਅਫਰੀਕਾ ਵਿਚ ਪੈਦਾ ਹੋਇਆ। ਇਹ ਹਾਰ ਬਣਾਉਣ ਲਈ ਚੀਜ਼ਾਂ ਵਿਚ ਗਲੀਆਂ ਕੱਢਦਾ ਸੀ। ਇਹ ਆਪਣੇ ਆਪ ਨੂੰ ਰੰਗਾਂ ਨਾਲ ਸ਼ਿੰਗਾਰਦਾ ਸੀ। ਇਹ ਹੱਡੀਆਂ ਅਤੇ ਪੱਥਰਾਂ ਦੀਆਂ ਮੂਰਤੀਆਂ ਬਣਾਉਂਦਾ ਸੀ। ਇਹ ਗੁਫ਼ਾਵਾਂ ਦੀਆਂ ਦੀਵਾਰਾਂ ਉੱਤੇ ਭੱਦੇ ਪਰ ਭਾਵਪੂਰਤ ਚਿੱਤਰ ਬਣਾਉਂਦਾ ਸੀ।

ਫਰਾਂਸ ਦੀ ਨੀਂਦਰਥਲ ਘਾਟੀ ਵਿਚ ਪ੍ਰਾਪਤ ਹੋਈਆਂ ਹੱਡੀਆਂ ਤੇ ਪਿੰਜਰਾਂ ਤੋਂ ਮਨੁੱਖ ਦੀ ਲੋਪ ਹੋ ਚੁੱਕੀ ਜਾਤੀ ਬਾਰੇ ਪਤਾ ਲੱਗਿਆ ਹੈ। ਇਸ ਨੂੰ ਨੀਂਦਰਥਲ ਮਨੁੱਖ ਕਿਹਾ ਗਿਆ ਹੈ। ਇਹ ਮਨੁੱਖ ਸ਼ਿਕਾਰ ਅਤੇ ਬਨਸਪਤੀ ਤੋਂ ਆਪਣਾ ਭੋਜਨ ਪ੍ਰਾਪਤਾ ਕਰਦਾ ਸੀ।

ਹਜ਼ਾਰਾਂ ਸਾਲ ਨੀਂਦਰਥਲ ਲੋਕ ਯੂਰੋਪੀ ਖੇਤਰ ਦੇ ਸਰਵਉੱਚ ਪ੍ਰਾਣੀ ਦੇ ਤੌਰ ’ਤੇ ਰਹਿੰਦੇ ਰਹੇ। ਅੱਜ ਤੋਂ 35 ਹਜ਼ਾਰ ਸਾਲ ਪਹਿਲਾਂ ਦੱਖਣੀ ਅਫਰੀਕਾ ਵਿਚੋਂ ਹੋਮੋਸੇਪੀਅਨ ਨਸਲ ਦੇ ਲੋਕ ਯੂਰਪ ਵੱਲ ਆਏ। ਇਹ ਵਧੇਰੇ ਗਿਆਨਵਾਨ ਤੇ ਬੁੱਧੀਮਾਨ ਲੋਕ ਸਨ। ਇਹ ਆਪਸ ਵਿਚ ਬਹੁਤ ਸਾਰੀਆਂ ਸੂਚਨਾਵਾਂ ਦਾ ਆਦਾਨ ਪ੍ਰਦਾਨ ਕਰਨ ਦੇ ਸਮਰੱਥ ਸਨ। ਇਨ੍ਹਾਂ ਨੇ ਨੀਂਦਰਥਲਾਂ ਨੂੰ ਮਾਰਿਆ ਤੇ ਉਨ੍ਹਾਂ ਦੀਆਂ ਗੁਫ਼ਾਵਾਂ ’ਤੇ ਕਬਜ਼ਾ ਕਰ ਲਿਆ।

# ਐੱਚ.ਜੀ. ਵੈੱਲਜ਼ ਦਾ ਵਿਸ਼ਵ ਦਾ ਸੰਖੇਪ ਸਭਿਆਚਾਰਕ ਤੇ ਰਾਜਨੀਤਕ ਇਤਿਹਾਸ: ਬਲਜਿੰਦਰ ਨਸਰਾਲੀ

ਮਨੁੱਖ ਦੀ ਮੌਜੂਦਾ ਜੀਵਨ ਸ਼ੈਲੀ ਨਾਲ ਮਿਲਦਾ ਜੁਲਦਾ ਜੀਵਨ ਸਿਰਫ਼ ਦਸ-ਬਾਰਾਂ ਹਜ਼ਾਰ ਸਾਲ ਪੁਰਾਣਾ ਹੈ। ਇਸ ਦੀ ਸ਼ੁਰੂਆਤ ਖੇਤੀਬਾੜੀ ਯੁਗ ਦੇ ਆਰੰਭ ਹੋਣ ਨਾਲ ਹੁੰਦੀ ਹੈ। ਇਸ ਜੀਵਨ ਦੇ ਚੰਗੇ ਖਾਸੇ ਸਬੂਤ ਸਾਨੂੰ ਔਜ਼ਾਰਾਂ, ਪੁਰਾਤਨ ਗ੍ਰੰਥਾਂ ਤੇ ਇਮਾਰਤਾਂ ਦੇ ਰੂਪ ਵਿਚ ਮਿਲ ਜਾਂਦੇ ਹਨ। ਉਸ ਤੋਂ ਪੁਰਾਣੇ ਲੱਖਾਂ ਸਾਲਾਂ ਦੇ ਜੀਵਨ ਸੰਬੰਧੀ ਬਹੁਤ ਘੱਟ ਪ੍ਰਮਾਣ ਗੁਫ਼ਾਵਾਂ, ਧਰਤੀ ਵਿਚ ਦੱਬੀਆਂ ਚੱਟਾਨਾਂ ਤੇ ਹੱਡੀਆਂ ਦੇ ਰੂਪ ਵਿਚ ਮਿਲਦੇ ਹਨ।

ਐੱਚ.ਜੀ. ਵੈੱਲਜ਼ ਅੰਗਰੇਜ਼ੀ ਦਾ ਪ੍ਰਸਿੱਧ ਨਾਵਕਲਾਰ ਹੈ। ਉਸ ਦੀ ਪੁਸਤਕ A Short History of the World ਪੂਰੇ ਸੰਸਾਰ ਵਿਚ ਮਸ਼ਹੂਰ ਹੋਈ। ਧਰਤੀ ਉੱਪਰ ਜੀਵਨ ਦੀ ਸ਼ੁਰੂਆਤ ਹੋਣ ਤੋਂ ਪਹਿਲਾਂ ਦਾ ਇਕਾਂਤ, ਬਰਫ਼ੀਲੇ ਯੁਗਾਂ ਦੀ ਯਾਤਰਾ ਕਰਦਾ ਮਨੁੱਖ, ਰਾਜਿਆਂ ਦਾ ਉਦੈ ਹੋਣਾ, ਸਾਮਰਾਜਾਂ ਦਾ ਵਿਸਤਾਰ, ਵੰਸ਼ ਦਰ ਵੰਸ਼ ਰਾਜ ਦਾ ਚੱਲਣਾ ਤੇ ਪਤਨ ਹੋਣਾ, ਫ਼ਿਲਾਸਫ਼ੀ ਤੇ ਵਿਗਿਆਨ ਦਾ ਉਭਰਨਾ, ਯੁੱਧ ਅਤੇ ਸੁਤੰਤਰਤਾ ਲਈ ਮਨੁੱਖ ਦਾ ਸੰਘਰਸ਼ ਵੈੱਲਜ਼ ਦੀ ਕਿਤਾਬ ਦੀ ਗਾਥਾ ਹੈ।

ਜੀਵਨ ਦੀ ਸ਼ੁਰੂਆਤ ਸਮੁੰਦਰ ਵਿਚ ਹੋਈ। ਧਰਤੀ ਦਾ ਮਿੱਟੀ ਵਾਲਾ ਹਿੱਸਾ ਪਹਿਲਾਂ ਪਹਿਲ ਪੂਰੀ ਤਰ੍ਹਾਂ ਜੀਵਨ ਤੋਂ ਰਹਿਤ ਸੀ। ਹੌਲੀ ਹੌਲੀ ਧਰਤੀ ਉੱਪਰ ਬਨਸਪਤੀ ਪੈਦਾ ਹੋਈ ਤਾਂ ਕੁੱਝ ਜਾਨਵਰ ਪਾਣੀ ਵਿਚੋਂ ਬਾਹਰ ਨਿਕਲਣ ਲੱਗੇ। ਫਿਰ ਵੀ ਇਨ੍ਹਾਂ ਨੂੰ ਆਂਡੇ ਦੇਣ ਤੇ ਬੱਚੇ ਪੈਦਾ ਕਰਨ ਲਈ ਪਾਣੀ ਦੇ ਨੇੜੇ ਹੀ ਰਹਿਣਾ ਪੈਂਦਾ ਸੀ। ਮੁੱਢਲੇ ਸਮਿਆਂ ਵਿਚ ਧਰਤੀ ਉੱਪਰ ਬਹੁਤ ਜ਼ਿਆਦਾ ਉਥਲ ਪੁਥਲ ਹੋ ਰਹੀ ਸੀ। ਧਰਤੀ ਉੱਪਰ ਬਹੁਤ ਵੱਡੇ ਵੱਡੇ ਦਰਖ਼ਤ ਪੈਦਾ ਹੋਏ ਪਰ ਉਥਲ ਪੁਥਲ ਕਾਰਨ ਮਿੱਟੀ ਥੱਲੇ ਦੱਬੇ ਗਏ। ਬਾਅਦ ਵਿਚ ਇਹੀ ਦਰੱਖ਼ਤ ਕੋਇਲੇ ਦੇ ਭੰਡਾਰ ਬਣ ਗਏ।


ਜਦੋਂ ਧਰਤੀ ਗਰਮ ਸੀ ਉਦੋਂ ਅਜਿਹੇ ਜੀਵਾਂ ਦੀ ਉਤਪਤੀ ਹੋਈ ਜਿਹੜੇ ਗਰਮੀ ਵਿਚ ਹੀ ਜਿਉਂ ਸਕਦੇ ਸਨ। ਜਦੋਂ ਵਾਤਾਵਰਨ ਠੰਢਾ ਹੋ ਗਿਆ ਤਾਂ ਬਹੁਤ ਸਾਰੇ ਜੀਵ ਖ਼ਤਮ ਹੋ ਗਏ। ਸੱਪ, ਕੱਛੂ ਤੇ ਕਿਰਲੀ ਗਰਮ ਯੁੱਗ ਦੇ ਜੀਵ ਹਨ। ਇਨ੍ਹਾਂ ਨੂੰ ਸਰਦੀ ਤੰਗ ਕਰਦੀ ਹੈ।

ਅੱਜ ਤੋਂ ਚਾਲੀ ਹਜ਼ਾਰ ਸਾਲ ਪਹਿਲਾਂ ਦਾ ਮਨੁੱਖ ਕੁੱਝ ਗੱਲਾਂ ਵਿਚ ਅੱਜੋਕੇ ਮਨੁੱਖ ਵਰਗਾ ਸੀ। ਇਹ ਅਫਰੀਕਾ ਵਿਚ ਪੈਦਾ ਹੋਇਆ। ਇਹ ਹਾਰ ਬਣਾਉਣ ਲਈ ਚੀਜ਼ਾਂ ਵਿਚ ਗਲੀਆਂ ਕੱਢਦਾ ਸੀ। ਇਹ ਆਪਣੇ ਆਪ ਨੂੰ ਰੰਗਾਂ ਨਾਲ ਸ਼ਿੰਗਾਰਦਾ ਸੀ। ਇਹ ਹੱਡੀਆਂ ਅਤੇ ਪੱਥਰਾਂ ਦੀਆਂ ਮੂਰਤੀਆਂ ਬਣਾਉਂਦਾ ਸੀ। ਇਹ ਗੁਫ਼ਾਵਾਂ ਦੀਆਂ ਦੀਵਾਰਾਂ ਉੱਤੇ ਭੱਦੇ ਪਰ ਭਾਵਪੂਰਤ ਚਿੱਤਰ ਬਣਾਉਂਦਾ ਸੀ।

ਫਰਾਂਸ ਦੀ ਨੀਂਦਰਥਲ ਘਾਟੀ ਵਿਚ ਪ੍ਰਾਪਤ ਹੋਈਆਂ ਹੱਡੀਆਂ ਤੇ ਪਿੰਜਰਾਂ ਤੋਂ ਮਨੁੱਖ ਦੀ ਲੋਪ ਹੋ ਚੁੱਕੀ ਜਾਤੀ ਬਾਰੇ ਪਤਾ ਲੱਗਿਆ ਹੈ। ਇਸ ਨੂੰ ਨੀਂਦਰਥਲ ਮਨੁੱਖ ਕਿਹਾ ਗਿਆ ਹੈ। ਇਹ ਮਨੁੱਖ ਸ਼ਿਕਾਰ ਅਤੇ ਬਨਸਪਤੀ ਤੋਂ ਆਪਣਾ ਭੋਜਨ ਪ੍ਰਾਪਤਾ ਕਰਦਾ ਸੀ।

ਹਜ਼ਾਰਾਂ ਸਾਲ ਨੀਂਦਰਥਲ ਲੋਕ ਯੂਰੋਪੀ ਖੇਤਰ ਦੇ ਸਰਵਉੱਚ ਪ੍ਰਾਣੀ ਦੇ ਤੌਰ 'ਤੇ ਰਹਿੰਦੇ ਰਹੇ। ਅੱਜ ਤੋਂ 35 ਹਜ਼ਾਰ ਸਾਲ ਪਹਿਲਾਂ ਦੱਖਣੀ ਅਫਰੀਕਾ ਵਿਚੋਂ ਹੋਮੋਸੇਪੀਅਨ ਨਸਲ ਦੇ ਲੋਕ ਯੂਰਪ ਵੱਲ ਆਏ। ਇਹ ਵਧੇਰੇ ਗਿਆਨਵਾਨ ਤੇ ਬੁੱਧੀਮਾਨ ਲੋਕ ਸਨ। ਇਹ ਆਪਸ ਵਿਚ ਬਹੁਤ ਸਾਰੀਆਂ ਸੂਚਨਾਵਾਂ ਦਾ ਆਦਾਨ ਪ੍ਰਦਾਨ ਕਰਨ ਦੇ ਸਮਰੱਥ ਸਨ। ਇਨ੍ਹਾਂ ਨੇ ਨੀਂਦਰਥਲਾਂ ਨੂੰ ਮਾਰਿਆ ਤੇ ਉਨ੍ਹਾਂ ਦੀਆਂ ਗੁਫ਼ਾਵਾਂ 'ਤੇ ਕਬਜ਼ਾ ਕਰ ਲਿਆ।

# ਸਿਰਜਣਾ



ਜਨਵਰੀ-ਮਾਰਚ 2022 **203** 50 ਰੁਪਏ

# ਸਿਰਜਣਾ

**203**

ਜਨਵਰੀ-ਮਾਰਚ 2022

**ਸੰਪਾਦਕ : ਰਘਬੀਰ ਸਿੰਘ**
**Editor : Raghbir Singh**

**1728, ਸੈਕਟਰ 43-ਬੀ,**
**ਚੰਡੀਗੜ੍ਹ-160 043**
**ਫੋਨ : +91-172-2601693**

***SIRJANA***
***1728, Sector 43-B,***
***Chandigarh-160 043***
***INDIA***
***Phone : +91-172-2601693***
***E-mail :***
***raghbirssirjana@yahoo.com***

**Sirjana is approved by DPI Punjab for all Schools, Colleges and Social Education Centres vide letter No. 2/6-66B (EP) dated 26-9-1966**

Account Name
**SIRJANA**
Account Number:
**Current Account**
**00321100082130**
Bank-Branch
**Punjab & Sind Bank**
**17-C, Chandigarh**
IFSC Code:
**PSIB 0000032**

## ਇਸ ਅੰਕ ਵਿਚ

ਸੰਪਾਦਕੀ/ਇਤਿਹਾਸ ਸਿਰਜਣ ਵਾਲਾ ਕਿਸਾਨ ਅੰਦੋਲਨ/1

ਬਲਵਿੰਦਰ ਸੰਧੂ/ਚਾਰ ਕਵਿਤਾਵਾਂ/3

ਬਲਵਿੰਦਰ ਗਰੇਵਾਲ/ਲੇਖ/ਸਿਰਜਣਾ ਸਮਾਗਮ ਪ੍ਰੀਤ ਨਗਰ/9

ਜਤਿੰਦਰ ਸਿੰਘ ਹਾਂਸ/ਕਹਾਣੀ/ਅਰਘ/13

ਹਰਪ੍ਰੀਤ ਸੇਖਾ/ਕਹਾਣੀ/ਮੋਹ-ਜਾਲ਼/19

ਭਗਵੰਤ ਰਸੂਲਪੁਰੀ/ਕਹਾਣੀ/ਠੇਡਾ/24

ਜਸਵੀਰ ਰਾਣਾ/ਕਹਾਣੀ/180 ਮਿੰਟ ਦਾ ਆਤੰਕ-ਕਾਲ਼/31

ਚਰਨਜੀਤ ਸਿੰਘ ਪੰਨੂ/ਕਹਾਣੀ/ਆਖ਼ਰੀ ਚੀਕ/49

ਗੁਰਦੇਵ ਸਿੰਘ ਸਿੱਧੂ/ਲੇਖ/ਮਹੰਤ ਸੁੰਦ੍ਰ ਦਾਸ ਦਾ ਕਿੱਸਾ ਹੀਰ

ਬਲਜਿੰਦਰ ਨਸਰਾਲੀ/ਲੇਖ/ਕਵਾਮੇ ਐਨਥੋਨੀ ਅਪੀਹਾ ਦੀ ਪੁ

'ਕੌਸਮੋਪੋਲੀਟਨਿਜ਼ਮ'/71

ਗੁਲਜ਼ਾਰ ਸਿੰਘ ਸੰਧੂ/ਰਿਵਿਊ/ਉਡਣਾ ਬਾਜ਼/79

ਪੁਸ਼ਵਿੰਦਰ ਕੌਰ/ਰਿਵਿਊ/ਤੁਮ ਕਿਉਂ ਉਦਾਸ ਹੋ?/81

ਪਰਗਟ ਸਿੰਘ ਬਰਾੜ/ਰਿਵਿਊ/ਧੁੰਧੂਕਾਰਾ/83

ਹਰਿੰਦਰ ਸਿੰਘ/ਰਿਵਿਊ/ਆਂਦਰਾਂ ਦਾ ਸੇਕ/85

ਰਾਜਵੰਤ ਕੌਰ/ਰਿਵਿਊ/ਸੁਲਗਦੀ ਅੱਗ/87

ਰਘਬੀਰ ਸਿੰਘ/ਰਿਵਿਊ/ਉਪਰੇਸ਼ਨ ਬਲਿਊਸਟਾਰ/89/

ਕਿੱਸਾ ਰੌਕੀ ਰੇਸ਼ਮਾ/93

---

**ਟਾਈਟਲ ਚਿੱਤਰ : ਦੇਵ**

---

**ਚੰਦਾ-ਦਸ ਅੰਕ : ਦੇਸ : 500 ਰੁਪਏ, ਪੰਜ ਸਾਲ : 1000 ਰੁਪਏ**
**ਵਿਦੇਸ਼-ਹਵਾਈ ਡਾਕ ਰਾਹੀਂ : ਦਸ ਅੰਕ: 40 ਪੌਂਡ, 50 ਡਾਲਰ, ਪੰਜ ਸਾਲ : 80 ਪੌਂਡ, 100 ਡਾਲ**

# ਕਵਾਮੇ ਐਨਥੋਨੀ ਅਪੀਹਾ ਦੀ ਪੁਸਤਕ 'ਕੌਸਮੋਪੋਲੀਟਨਿਜ਼ਮ'

## ਬਲਜਿੰਦਰ ਨਸਰਾਲੀ

(The Urge to migrate is no less natural than the urge to settle)

ਕਵਾਮੇ ਇੰਗਲੈਂਡ ਦੀ ਗੋਰੀ ਮਾਂ ਤੇ ਘਾਨਾ ਦੇ ਉੱਚ ਘਰਾਣੇ ਦੇ ਕਾਲ਼ੇ ਬਾਪ ਦੀ ਸਾਂਝੀ ਸੰਤਾਨ ਹੈ। ਉਹ ਘਾਨਾ ਵਿਚ ਪਲ਼ਿਆ ਤੇ ਇੰਗਲੈਂਡ ਦੇ ਕੈਂਬਰਿਜ ਦੇ ਕਲੇਅਰ ਕਾਲਿਜ ਵਿਚ ਪੜ੍ਹਿਆ। ਅੱਜ ਕੱਲ੍ਹ ਉਹ ਅਮਰੀਕਾ ਦੀ ਪਰਿੰਕਟਨ ਯੂਨੀਵਰਸਿਟੀ ਵਿਚ ਫਿਲਾਸਫੀ ਦਾ ਪ੍ਰੋਫੈਸਰ ਹੈ। ਇਸ ਲੇਖ ਵਿਚ ਅਸੀਂ ਉਸਦੀ ਚਰਚਿਤ ਪੁਸਤਕ 'ਕੌਸਮੋਪੋਲੀਟਨਿਜ਼ਮ:ਅਜਨਬੀਆਂ ਦੀ ਦੁਨੀਆਂ ਵਿਚ ਰਹਿਣ ਦੇ ਢੰਗ-ਤਰੀਕੇ' ਨੂੰ ਸਮਝਣ ਦਾ ਯਤਨ ਕਰਾਂਗੇ। ਉਹ ਆਪਣਾ ਥੀਸਿਸ ਇਤਿਹਾਸ, ਸਮਕਾਲੀ ਜੀਵਨ ਤੇ ਹੋਰਨਾਂ ਫਿਲਾਸਫਰਾਂ ਦੇ ਹਵਾਲਿਆਂ ਨਾਲ ਬਿਰਤਾਂਤਕ ਢੰਗ ਨਾਲ ਉਸਾਰਦਾ ਹੈ। ਉਸਦੇ ਫਿਲਾਸਫੀਕਲ ਵਿਚਾਰ ਪੂਰੀ ਪੁਸਤਕ ਵਿਚ ਖਿਲਰੇ ਰੂਪ ਵਿਚ ਮੌਜੂਦ ਹਨ।


ਇਕ ਸਭਿਆਚਾਰ ਉੱਤੇ ਦੂਜੇ ਸਭਿਆਚਾਰ ਦੇ ਪ੍ਰਭਾਵ ਨੂੰ ਦੂਸ਼ਿਤ (contamination) ਹੋਣ ਦੇ ਅਰਥਾਂ ਵਿਚ ਵੀ ਲਿਆ ਜਾਂਦਾ ਹੈ। ਜਿਨ੍ਹਾਂ ਪਰਵਾਸਾਂ ਨੇ ਦੁਨੀਆਂ ਨੂੰ ਪ੍ਰਭਾਵਤ ਕੀਤਾ ਉਹ ਸਾਰੇ ਹੀ ਆਧੁਨਿਕ ਨਹੀਂ ਹਨ। ਸਿਕੰਦਰ ਦੇ ਸਾਮਰਾਜ ਨੇ ਉੱਤਰੀ ਭਾਰਤ ਅਤੇ ਮਿਸਰ ਦੀ ਰਾਜਨੀਤੀ ਅਤੇ ਚਿਹਰੇ ਮੋਹਰੇ ਨੂੰ ਬਦਲਿਆ। ਏਸ਼ੀਆ ਨੂੰ ਪਹਿਲਾਂ ਮੰਗੋਲਾਂ ਤੇ ਫਿਰ ਮੁਗਲਾਂ ਨੇ ਡੂੰਘੀ ਤਰ੍ਹਾਂ ਪ੍ਰਭਾਵਤ ਕੀਤਾ। ਬੰਤੂ ਪਰਵਾਸ ਅੱਧੇ ਅਫਰੀਕਾ ਵਿਚ ਫੈਲਿਆ। ਇਸਲਾਮ ਦਾ ਪ੍ਰਭਾਵ ਮੋਰਾਕੋ ਤੋਂ ਇੰਡੋਨੇਸ਼ੀਆ ਤਕ ਗਿਆ। ਈਸਾ ਦੀ ਮੌਤ ਤੋਂ ਕੁਝ ਹੀ ਸਦੀਆਂ ਬਾਅਦ ਈਸਾਈਅਤ ਅਫਰੀਕਾ, ਏਸ਼ੀਆ ਤੇ ਯੂਰੋਪ ਤਕ ਫੈਲ ਗਈ ਸੀ। ਬੁੱਧ ਧਰਮ ਭਾਰਤ ਤੋਂ ਪ੍ਰਵਾਸ ਕਰਕੇ ਪੂਰਬੀ ਤੇ ਦੱਖਣੀ ਏਸ਼ੀਆ ਵਿਚ ਫੈਲਿਆ। ਯਹੂਦੀ ਤੇ ਚੀਨੀ ਲੋਕਾਂ ਦਾ ਦੂਰ ਤਕ ਫੈਲਣਾ ਵੀ ਇਕ ਵੱਡਾ ਪਰਵਾਸ ਸੀ। ਬੈਗਪਾਈਪਰ ਦੀ ਸ਼ੁਰੂਆਤ ਮਿਸਰ ਵਿਚ ਹੋਈ ਮੰਨੀ ਜਾਂਦੀ ਹੈ ਪਰ ਰੋਮਨ ਫੌਜ ਰਾਹੀਂ ਇਹ ਸਕੋਟਲੈਂਡ ਪਹੁੰਚ ਗਿਆ। ਅੱਜੋਕੇ ਸਮੇਂ ਵਿਚ 'ਸਭਿਆਚਾਰਕ ਸ਼ੁੱਧਤਾ ਇਕ ਆਪਾ ਵਿਰੋਧੀ ਸੰਕਲਪ ਹੈ। ਸਭਿਆਚਾਰਕ ਪੱਖ ਤੋਂ ਦੇਖੀਏ ਤਾਂ ਅੱਜੋਕਾ ਮਨੁੱਖ ਬ੍ਰਹਿਮੰਡਲੀ (Cosmopolitan) ਜ਼ਿੰਦਗੀ ਜੀਅ ਰਿਹਾ ਹੈ। ਲੇਵਾਈਸ ਦੇ ਕੱਪੜੇ ਹਰ ਮਹਾਂਦੀਪ ਵਿਚ ਮਿਲਦੇ ਹਨ। ਕੋਕਾ ਕੋਲਾ ਸਾਰੇ ਮਹਾਂਦੀਪਾਂ ਵਿਚ ਪੀਤਾ ਜਾਂਦਾ ਹੈ। ਪੱਛਮੀ ਇੰਗਲੈਂਡ ਵਿਚ ਦੁੱਧ ਵਾਲੀ ਗਰਮ ਭਾਰਤੀ ਚਾਹ ਪੀਤੀ ਜਾਂਦੀ ਹੈ। ਵਿਸ਼ਵ ਪ੍ਰਸਿੱਧ ਚੀਜ਼ਾਂ ਨੂੰ ਲੋਕ ਆਪਣੀ ਮਰਜ਼ੀ ਅਨੁਸਾਰ ਵਰਤਦੇ ਹਨ।'

ਸਦੀਆਂ ਪਹਿਲਾਂ ਕਬੀਲਾ ਯੁੱਗ ਵਿਚ ਰਹਿੰਦਾ ਮਨੁੱਖ ਆਪਣੇ ਕਬੀਲੇ ਤੋਂ ਬਾਹਰ ਬਹੁਤ ਘੱਟ ਲੋਕਾਂ ਨੂੰ ਜਾਣਦਾ ਤੇ ਦੇਖਦਾ ਸੀ। 2500 ਸਾਲ ਪਹਿਲਾਂ ਸੁਕਰਾਤ ਦੇ ਸਮੇਂ ਏਥਨਜ਼ ਸ਼ਹਿਰ ਦੀ ਆਬਾਦੀ ਕੁਝ ਉੱਚੀਆਂ ਇਮਾਰਤਾਂ ਵਿਚ ਸਮਾ ਜਾਣ ਜੋਗੀ ਹੀ ਸੀ। ਸਿਕੰਦਰ ਮੈਸੀਡੋਨ ਤੋਂ 35000 ਬੰਦਿਆਂ ਦੀ ਫੌਜ ਲੈ ਕੇ ਦੁਨੀਆਂ ਜਿੱਤਣ ਨਿਕਲਿਆ ਸੀ। ਇਹ ਗਿਣਤੀ ਡੇਸ ਮਿਉਨਜ਼ ਵਿਚ ਹਰ ਸੋਮਵਾਰ ਆਉਂਦੇ ਲੋਕਾਂ ਤੋਂ ਕਿਤੇ ਘੱਟ ਹੈ। ਪਹਿਲੀ ਸਦੀ ਦੌਰਾਨ ਜਦੋਂ ਰੋਮ ਦੀ ਜਨਸੰਖਿਆ ਦਸ ਲੱਖ (ਇਕ ਮਿਲੀਅਨ) ਤਕ ਪਹੁੰਚੀ ਸੀ ਤਾਂ ਉਸ ਸਮੇਂ ਇਹ ਸਭ ਤੋਂ ਵੱਡਾ ਸ਼ਹਿਰ ਸੀ। ਏਡੇ ਵੱਡੇ ਸ਼ਹਿਰ ਦੇ ਲੋਕਾਂ ਦਾ ਢਿੱਡ ਭਰਨ ਲਈ ਰੋਮਨਾਂ ਨੂੰ ਇਕ ਵੱਡਾ ਸਾਮਰਾਜ ਖੜ੍ਹਾ ਕਰਨਾ ਪਿਆ, ਜਿਹੜਾ ਅਫਰੀਕਾ ਤੋਂ ਆਪਣੇ ਘਰ ਅਨਾਜ ਲੈ ਕੇ ਆਉਂਦਾ ਸੀ। ਉਨ੍ਹਾਂ ਨੇ ਇਕ ਭਾਸ਼ਾ ਅਤੇ ਕਾਨੂੰਨਾਂ ਨੂੰ ਮੰਨਣ ਵਾਲੇ ਸਮਾਜਾਂ ਦੇ ਬਿਲਕੁਲ ਨਾਲ ਨਾਲ

ISSN : 2349-3658



# ਚਿਰਾਗ਼



ਅੰਕ 104 ਜੁਲਾਈ-ਸਤੰਬਰ 2019 ਮੁੱਲ : 35/-

CHIRAG QUARTERLY ISSN 2349-3658 JULY-SEPTEMBER 2019
Registered with the Registrar of News-Papers of India No. PUN-PUN 0 2276/AL/TC94

**ਸਾਹਿਤ, ਭਾਸ਼ਾ ਅਤੇ ਸਭਿਆਚਾਰ ਦਾ ਅੰਤਰਰਾਸ਼ਟਰੀ ਤ੍ਰੈਮਾਸਿਕ**

**CHIRAG is an International Quarterly of Literature, Language and Culture**

# ਚਿਰਾ.ਗ (ਤਿਮਾਹੀ)

ISSN 2349-3658

**ਸਰਪ੍ਰਸਤ : ਹਰਭਜਨ ਸਿੰਘ ਹੁੰਦਲ**

ਸੰਪਾਦਕੀ ਮੰਡਲ- ਡਾ. ਕਰਮਜੀਤ ਸਿੰਘ, ਲਾਲ ਸਿੰਘ, ਮੱਖਣ ਕੋਹਾੜ, ਸੁਲੱਖਣ ਸਰਹੱਦੀ, ਜਰਨੈਲ ਸਿੰਘ ਟਰਾਂਟੋ, ਡਾ. ਜਸਵੰਤ ਰਾਏ, ਡਾ. ਹਰਪ੍ਰੀਤ ਸਿੰਘ ਹੁੰਦਲ, ਡਾ. ਤੇਜਿੰਦਰ ਵਿਰਲੀ

ਪ੍ਰਤੀਨਿਧ-ਗਿਆਨ ਸਿੰਘ ਬਿਲਗਾ (ਯੂ.ਐਸ.ਏ.), ਨਵਤੇਜ ਸਿੰਘ (ਕੈਨੇਡਾ)

## ਤਤਕਰਾ

- ਇਸ ਬਾਰ ਦਾ ਕਵੀ : ਮਦਨ ਵੀਰਾ/1
- ਜਲ੍ਹਿਆਂਵਾਲੇ ਬਾਗ਼ ਦੇ ਕਤਲੇਆਮ ਦੀ 100 ਸਾਲਾ ਬਰਸੀ/ਸ਼ਮਸੁਲ ਇਸਲਾਮ/10
- ਖ਼ੂਨੀ ਵਿਸਾਖੀ/ਨਾਨਕ ਸਿੰਘ/18
- ਸਾਹਿਤ ਚਿੰਤਨ : ਬਹੁਸਭਿਆਚਾਰਵਾਦ ਤੇ ਪੰਜਾਬੀ ਨਾਵਲ/ਡਾ. ਬਲਜਿੰਦਰ ਨਸਰਾਲੀ/22
- ਕਾਰਪੋਰੇਟ ਸੈਕਟਰ ਤੋਂ ਪੈਦਾ ਬੇਤਰਤੀਬੀਆਂ ਦੇ ਖਰ੍ਹਵੇਂ ਕਥਾ ਬਿੰਬ-'ਸੰਸਾਰ'/ਪ੍ਰੋ. ਜੇ.ਬੀ.ਸੇਖੋਂ/29
- ਕਹਾਣੀ : ਹੜ੍ਹ/ਸੁਰਿੰਦਰ ਨੀਰ/37
- ਕਹਾਣੀ : ਸੈਵਨਥ ਸੈਂਸ/ਤ੍ਰਿਪਤਾ ਕੇ ਸਿੰਘ/50
- ਕਹਾਣੀ : ਘਰ/ਖ਼ਾਲਿਦ ਫ਼ਰਹਾਦ ਧਾਰੀਵਾਲ/56
- ਕਵਿਤਾ : ਬੇਦਾਵਾ/ਜਸਬੀਰ ਕੇਸਰ/60
- ਗ਼ਜ਼ਲਾਂ : ਬਲਜੀਤ ਸੈਣੀ/ਜੋਧ ਸਿੰਘ/ਬਲਜੀਤ ਰੈਣਾ/ਜਸ ਬਠਿੰਡਾ/ਅਮਰਜੀਤ ਸਿੰਘ/62-73
- ਵਿਸ਼ਵੀਕਰਣ/ਸੀਤਲ ਫਗਵਾੜਵੀ/74
- ਵਾਹਗਿਉਂ ਪਾਰ : ਵਲੀ ਮੁਹੰਮਦ ਅਜ਼ਮੀ/ਯੂਸਫ਼ ਰਿੰਦ/ਡੇਵਿਡ ਪਰਸੀ/ ਜ਼ਾਹਿਦ ਸਦੀਕੀ/ਸੈਫ਼ ਅਲੀ/ਐਮ ਵਾਈ ਸ਼ਾਹਿਦ/ਇਰਸ਼ਾਦ ਸੰਧੂ/76-79
- ਤੁਹਾਡੀ ਮੇਲ/80

ਚਿਰਾ.ਗ ਡਾਇਰੈਕਟਰ ਸਿੱਖਿਆ ਵਿਭਾਗ (ਸ) ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ. 4/1-96 ਐਡੀਟਰ (ਪੰ) ਮਿਤੀ 3-9-1996 ਦੇ ਅਨੁਸਾਰ ਹਾਈ/ ਹਾਇਰ ਸੈਕੰਡਰੀ ਸਕੂਲਾਂ ਲਈ ਪ੍ਰਵਾਨ ਹੈ। ਰਚਨਾ 'ਚ ਦਰਜ ਵਿਚਾਰਾਂ ਲਈ ਲੇਖਕ ਖ਼ੁਦ ਜ਼ੁੰਮੇਵਾਰ ਹੈ। ਕਿਸੇ ਕਿਸਮ ਦੀ ਅਦਾਲਤੀ ਕਾਰਵਾਈ ਸਿਰਫ਼ ਜਲੰਧਰ 'ਚ ਹੋ ਸਕਦੀ ਹੈ।

ਡਾ. ਅਨੂਪ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਪੰਜ ਆਬ ਪ੍ਰਿੰਟਰਜ਼, ਦੇਸ਼ ਭਗਤ ਯਾਦਗਾਰ ਬਿਲਡਿੰਗ, ਜੀ. ਟੀ. ਰੋਡ, ਜਲੰਧਰ (ਫੋਨ- 98140-87063, 0181-2239181) ਤੋਂ ਛਪਵਾ ਕੇ ਸ਼ਹੀਦ ਸਰਵਣ ਸਿੰਘ ਚੀਮਾ ਭਵਨ 352/1 ਗੜ੍ਹਾ (ਜਲੰਧਰ) ਫੋਨ- 0181-2483033 ਤੋਂ ਪ੍ਰਕਾਸ਼ਿਤ ਕੀਤਾ।

# ਬਹੁਸਭਿਆਚਾਰਵਾਦ ਤੇ ਪੰਜਾਬੀ ਨਾਵਲ

-ਡਾ. ਬਲਜਿੰਦਰ ਨਸਰਾਲੀ

ਲੋਕਤੰਤਰੀ ਅਤੇ ਕਮਿਊਨਿਸਟ ਸਰਕਾਰਾਂ ਬਣਨ ਤੋਂ ਪਹਿਲਾਂ ਸਰਹੱਦਾਂ ਕਦੇ ਵੀ ਬਹੁਤ ਮਜ਼ਬੂਤ ਨਹੀਂ ਸਨ। ਕਾਮਿਆਂ ਤੇ ਵਪਾਰੀਆਂ ਦਾ ਇਕ ਖਿੱਤੇ ਤੋਂ ਦੂਜੇ ਖਿੱਤੇ ਵਿਚ ਪ੍ਰਵੇਸ਼ ਰਾਜਨੀਤਿਕ ਪੱਖ ਤੋਂ ਅਸਾਨ ਹੁੰਦਾ ਸੀ। ਵੀਹਵੀਂ ਸਦੀ ਦੇ ਪਹਿਲੇ ਅੱਧ ਤੱਕ ਰਾਸ਼ਟਰਵਾਦ ਦੇ ਸੰਕਲਪ ਦੇ ਵਿਭਿੰਨ ਦੇਸ਼ਾਂ ਵਿਚ ਹਰਮਨ ਪਿਆਰਾ ਹੋਣ ਦੇ ਨਾਲ ਹੀ ਰਾਜਨੀਤਿਕ ਹੱਦਬੰਦੀਆਂ ਵੀ ਮਜ਼ਬੂਤ ਹੁੰਦੀਆਂ ਗਈਆਂ। ਵੀਹਵੀਂ ਸਦੀ ਦੇ ਦੂਜੇ ਅੱਧ ਦੇ ਸ਼ੁਰੂ ਹੋਣ ਤੱਕ ਉਨ੍ਹਾਂ ਹਜ਼ਾਰਾਂ ਘੁਮੰਤਰੂ ਕਬੀਲਿਆਂ ਦਾ ਸਦੀਆਂ ਪੁਰਾਣਾ ਚੱਕਰਵਿਊ ਦੇਸ਼ਾਂ ਦੇ ਵਿਚ ਸੀਮਿਤ ਹੋ ਕੇ ਰਹਿ ਗਿਆ। ਭਾਰਤ ਦੇ ਵਣਜਾਰਿਆਂ ਅਤੇ ਯੂਰਪ ਦੇ ਜਿਪਸੀ ਕਬੀਲਿਆਂ ਦੀ ਸਾਂਝੀ ਸ਼ਬਦਾਵਲੀ ਅਤੇ ਮੌਜੂਦਾ ਸਮੇਂ ਵਿਚ ਉਨ੍ਹਾਂ ਦੀਆਂ ਸਾਂਝੀਆਂ ਕਾਨਫਰੰਸਾਂ ਉਨ੍ਹਾਂ ਦੀ ਸਦੀਆਂ ਪੁਰਾਣੀ ਸਾਂਝ ਨੂੰ ਪ੍ਰਗਟ ਕਰਦੀਆਂ ਹਨ॥

ਵਿਸ਼ਵ ਚਿੰਤਨ ਦੇ ਖੇਤਰ ਵਿਚ ਰਾਸ਼ਟਰਵਾਦ ਵੀਹਵੀਂ ਸਦੀ ਦੇ ਪਹਿਲੇ ਅੱਧ ਤਕ ਇਕ ਅਤਿ ਚਰਚਿਤ ਸੰਕਲਪ ਰਿਹਾ ਹੈ। ਵੀਹਵੀਂ ਸਦੀ ਦੇ ਦੂਜੇ ਅੱਧ ਵਿਚ ਹੋਏ ਕੰਟਰੋਲਡ ਪਰਵਾਸ ਸਦਕਾ ਇਸ ਸੰਕਲਪ ਦੀ ਥਾਂ ਬਹੁਸਭਿਆਚਾਰਵਾਦ ਦੇ ਸੰਕਲਪ ਨੇ ਲੈ ਲਈ। 'ਦੂਜੇ ਵਿਸ਼ਵ ਯੁੱਧ ਅਤੇ ਉੱਤਰ ਬਸਤੀਵਾਦੀ ਦੌਰ ਵਿਚ ਬਹੁਸਭਿਆਚਾਰਵਾਦ ਨੇ ਏਸ਼ੀਆ, ਯੂਰੋਪ ਅਤੇ ਅਮਰੀਕਾ ਵਿਚ ਆਪਣਾ ਪ੍ਰਭਾਵ ਬਣਾਉਣਾ ਸ਼ੁਰੂ ਕਰ ਦਿੱਤਾ।'[1] ਬਹੁਤ ਸਾਰੇ ਵਿਕਸਿਤ ਦੇਸ਼ਾਂ (ਕੁੱਝ ਮਾਮਲਿਆਂ ਵਿਚ ਵਿਕਾਸਸ਼ੀਲ ਦੇਸ਼ਾਂ) ਵਿਚ ਪਰਵਾਸੀਆਂ ਦੀ ਵੱਧ ਰਹੀ ਗਿਣਤੀ ਨੇ ਇਸ ਸੰਕਲਪ ਨੂੰ ਚਿੰਤਨ ਦੇ ਕੇਂਦਰ ਵਿਚ ਲਿਆਂਦਾ।

ਵਿਕਸਿਤ ਦੇਸ਼ਾਂ ਵਿਚ ਸਸਤੀ ਕਿਰਤ ਦੀ ਲੋੜ ਅਤੇ ਮੁਕਾਬਲਤਨ ਘੱਟ ਆਬਾਦੀ ਕਾਰਨ ਪਰਵਾਸ ਸੰਭਵ ਹੋਇਆ। ਸਥਾਨਕ ਕਿਰਤੀਆਂ ਵੱਲੋਂ ਰੰਗ ਅਤੇ ਨਸਲ ਦੇ ਆਧਾਰ ਤੇ ਹੋਏ ਪ੍ਰਤੀਕਰਮਾਂ ਦੇ ਬਾਵਜੂਦ ਉਥੋਂ ਦੀ ਪੂੰਜੀਪਤੀ ਜਮਾਤ ਅਤੇ ਸਰਕਾਰਾਂ ਨੇ ਪਰਵਾਸ ਨੂੰ ਸਹਿਣਯੋਗ ਵਰਤਾਰਾ ਬਣਾਉਣਾ ਸੰਭਵ ਬਣਾਇਆ। ਪੱਛਮੀ ਚਿੰਤਨ ਵਿਚ ਵੀ ਬਹੁਸਭਿਆਚਾਰਵਾਦ ਨੂੰ ਉੱਤਰਆਧੁਨਿਕ ਸਮਿਆਂ ਦਾ ਇੱਕ ਲਾਜ਼ਮੀ ਅਤੇ ਮਾਨਣਯੋਗ ਵਰਤਾਰਾ ਮੰਨ ਲਿਆ ਗਿਆ। ਬਹੁਸਭਿਆਚਾਰ ਸਭਿਆਚਾਰਕ ਵਿਭਿੰਨਤਾ ਦੇ ਦਿਸਣਯੋਗ ਅਤੇ ਪਹੁੰਚਯੋਗ ਉਤਪਾਦਨ ਜਿਵੇਂ ਭੋਜਨ, ਕੱਪੜੇ, ਸੰਗੀਤ, ਥੀਏਟਰ ਅਤੇ ਕਈ ਵਾਰ ਵਿਸ਼ੇਸ਼ ਕਿੱਤਿਆਂ ਵੱਲ ਇਸ਼ਾਰਾ ਕਰਦਾ ਹੈ॥ ਕੁੱਲ ਮਿਲਾ ਕੇ ਇਹ ਬਹੁਤ ਹਾਂ-ਪੱਖੀ ਨਤੀਜੇ ਹਨ। ਅਸੀਂ ਸਾਰੇ ਬਹੁ-ਸਭਿਆਚਾਰਕ